# ਮੰਟੋ ਦੀਆਂ ਤਿੰਨ ਕਹਾਣੀਆਂ ਦੀ ਨਾਟਕੀ ਪੇਸ਼ਕਾਰੀ

## ਕਲਾ ਤੇ ਜ਼ਿੰਦਗੀ

15th Sep 2000

ਗੁਰਸ਼ਰਨ ਸਿੰਘ



ਚੰਡੀਗੜ੍ਹ ਵਿਚ ਰਹਿੰਦੇ ਸਾਹਿਤ ਦਾ ਸ਼ੌਕ ਰੱਖਣ ਵਾਲੇ ਲੋਕਾਂ ਲਈ ਜੋ ਨਾਟਕ ਚਾਹੀਦਾ ਹੈ, ਵਿਮੀ ਜੱਗੀ ਨੇ ਪਿਛਲੇ ਕੁਝ ਅਰਸੇ ਵਿਚ ਉਨ੍ਹਾਂ ਨੂੰ ਉਹ ਨਾਟਕ ਦਿੱਤਾ ਹੈ। ਵਿਮੀ ਚੰਡੀਗੜ੍ਹ ਦੀ ਹੀ ਜੰਮਪਲ ਹੈ। ਪਹਿਲਾ ਪੰਜਾਬ ਯੂਨੀਵਰਸਿਟੀ ਦੇ ਡਰਾਮਾ ਵਿਭਾਗ ਵਿਚੋਂ ਉਹਨੇ ਡਿਗਰੀ ਲਈ ਅਤੇ ਫੇਰ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਡਰਾਮਾ ਦੀ ਪੜ੍ਹਾਈ ਅਤੇ ਸਿਖਲਾਈ ਕੀਤੀ। ਉਥੇ ਰਹਿੰਦਿਆਂ ਹੀ ਉਸ ਨੇ ਪ੍ਰੋ. ਡੀ.ਆਰ.ਅੰਕੁਰ ਹੋਰਾਂ ਨਾਲ ਕੰਮ ਕੀਤਾ, ਜਿਨ੍ਹਾਂ ਦੀ ਵਿਸ਼ੇਸ਼ਤਾ ਹੀ ਇਸ ਗੱਲ ਵਿਚ ਹੈ ਕਿ ਸਾਹਿਤ ਦੀਆਂ ਕਲਾਸਕੀ ਕਿਰਤਾਂ ਨੂੰ ਨਾਟਕੀ ਰੂਪ ਵਿਚ ਸਟੇਜ 'ਤੇ ਪੇਸ਼ ਕੀਤਾ ਜਾਏ। ਹੋਰ ਵੀ ਬਹੁਤ ਸਾਰੇ ਨਾਟਕਕਾਰ ਇਸ ਵਿਸ਼ੇਸ਼ ਦਿਸ਼ਾ ਵਿਚ ਕੰਮ ਕਰ ਰਹੇ ਹਨ। ਪੰਜਾਬੀ ਨਾਟਕ ਵਿਚ ਮੈਂ ਆਪ ਵੀ, ਡਾ. ਆਤਮਜੀਤ ਨੇ ਵੀ ਅਤੇ ਕੇਵਲ ਧਾਲੀਵਾਲ ਨੇ ਇਸ ਦਿਸ਼ਾ ਵਿਚ ਸਫਲ ਤਜਰਬੇ ਕੀਤੇ ਹਨ।

ਵਿਮੀ ਜੱਗੀ ਨੇ ਆਪਣੇ ਕੁਝ ਸਾਥੀਆਂ ਨਾਲ ਰਲ ਕੇ 'ਸੰਦਲੀ ਪੈੜਾਂ ਕਲਾ ਕੇਂਦਰ' ਬਣਾਇਆ ਹੈ। ਵਿਮੀ ਆਪ, ਜੈਨਇੰਦਰ ਸਿੰਘ, ਹਰਮਨ ਅਨੁਰਾਗ, ਰਾਜ ਅਤੇ ਜਸਵਿੰਦਰ ਇਹਦੇ ਹੋਰ ਮੈਂਬਰ ਹਨ। ਪਰਵੀਨ ਜੱਗੀ ਇਹਦਾ ਜਨਰਲ ਸਕੱਤਰ ਹੈ। ਇਸ ਗਰੁੱਪ ਵਲੋਂ ਪਹਿਲੀ ਪੇਸ਼ਕਾਰੀ 23 ਜੂਨ, 1999 ਨੂੰ ਟੈਗੋਰ ਥੀਏਟਰ ਵਿਚ ਹੋਈ ਜਿਸ ਵਿਚ ਤਿੰਨੇ ਕਹਾਣੀਆਂ ਰਸਭਰੀਆਂ-1 ਦੇ ਨਾਂ ਥੱਲੇ ਵਿਚ ਕੀਤੀਆਂ ਗਈਆਂ। ਕੁਲਵੰਤ ਸਿੰਘ ਵਿਰਕ ਦੀ ਕਹਾਣੀ ਰਸਭਰੀਆਂ, ਕਰਤਾਰ ਸਿੰਘ ਦੁੱਗਲ ਦੀ ਕਹਾਣੀ ਚਾਂਦਨੀ ਰਾਤ ਦਾ ਦੁਖਾਂਤ ਅਤੇ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ ਅੰਗੂਰੀ ਉਸ ਪ੍ਰੋਗਰਾਮ ਵਿਚ ਪੇਸ਼ ਕੀਤੀਆਂ ਗਈਆਂ। ਉਸ ਪ੍ਰੋਗਰਾਮ ਵਿਚ ਚਾਂਦਨੀ ਰਾਤ ਦਾ ਦੁਖਾਂਤ ਖਾਸ ਚਰਚਾ ਦਾ ਕੇਂਦਰ ਬਣੀ। ਅੰਗੂਰੀ ਦੀ ਸੂਖਮਤਾ ਵੀ ਬੜੀ ਸਫਲ ਤਰੀਕੇ ਨਾਲ ਪੇਸ਼ ਕੀਤੀ ਗਈ।

ਇਸ ਸਾਲ 19-20 ਜੁਲਾਈ ਨੂੰ ਫੇਰ ਤਿੰਨ ਕਹਾਣੀਆ ਇਸੇ ਗਰੁੱਪ ਵਲੋਂ ਪੇਸ਼ ਕੀਤੀਆਂ ਗਈਆਂ। ਉਨ੍ਹਾਂ ਵਿਚ ਸਆਦਤ ਹਸਨ ਮੰਟੋ ਦੀ ਕਹਾਣੀ 'ਹੱਤਕ', ਹਰੀ ਸ਼ੰਕਰ ਪਾਰਸਾਈ ਦਾ ਵਿਅੰਗ 'ਭੋਲਾ ਰਾਮ ਕਾ ਜੀਣਾ' ਅਤੇ ਮਹੀਪ ਸਿੰਘ ਦੀ ਕਹਾਣੀ 'ਪਾਣੀ ਅਤੇ ਪੁਲ' ਨਾਟਕੀ ਰੂਪ ਵਿਚ ਸਟੇਜ ਹੋਈਆਂ। 'ਹੱਤਕ' ਮੰਟੋ ਦੀ ਬੜੀ ਹੀ ਸੰਵੇਦਨਸ਼ੀਲ ਕਹਾਣੀ ਹੈ ਜਿਸ ਵਿਚ ਇਕ ਵੇਸਵਾ ਦੀ ਜ਼ਿੰਦਗੀ, ਉਹ ਦੀਆਂ ਚਾਹਾਂ, ਖਾਹਸ਼ਾਂ, ਵੱਲਵਲਿਆਂ ਅਤੇ ਅਰਮਾਨਾਂ ਨੂੰ ਕਈ ਪਰਤਾਂ ਵਿਚ ਪੇਸ਼ ਕੀਤਾ ਗਿਆ ਹੈ। ਸੋਗੰਧੀ ਦੇ ਅਮਰ ਪਾਤਰ ਨੂੰ ਵਿਮੀ ਜੱਗੀ ਨੇ ਬੜੀ ਹੀ ਨਿਪੁੰਨਤਾ ਨਾਲ ਪੇਸ਼ ਕੀਤਾ। ਕਰਤਾਰੀ ਕਲਾ (ਪੰਜਾਬੀ ਵਿਚ ਇਸ ਸ਼ਬਦ ਨੂੰ ਹੁਣ ਡਾ. ਕਮਲੇਸ਼ ਉੱਪਲ ਦੀ ਪਹਿਲਕਦਮੀ ਸਦਕੇ ਪ੍ਰਫੋਰਮਿੰਗ ਆਰਟ ਲਈ ਵਰਤਿਆ ਜਾਂਦਾ ਹੈ) ਦੀ ਇਕ ਬੇਹਤਰੀਨ ਮਿਸਾਲ ਸੀ। 19-20 ਜੁਲਾਈ ਨੂੰ ਇਸ ਗਰੁੱਪ ਨੇ ਆਪਣਾ ਮਿਥਿਆ ਹੋਇਆ ਨਿਸ਼ਾਨਾ ਵੀ ਦੱਸਿਆ ਕਿ ਉਹ ਚਾਹੁਣਗੇ ਕਿ ਚੰਡੀਗੜ੍ਹ ਵਿਚ ਪ੍ਰੋਫੈਸ਼ਨਲ ਥੀਏਟਰ ਕਾਇਮ ਹੋਵੇ। ਲੋਕ ਟਿਕਟਾਂ ਖਰਚ ਕੇ ਥੀਏਟਰ ਵੇਖਣ ਆਉਣ। ਇਹ ਗੱਲ ਭਾਵੇਂ ਹਾਲੇ ਸੁਪਨੇ ਮਾਤਰ ਲਗਦੀ ਹੈ ਪਰ ਪਹਿਲਾਂ ਸੁਪਨੇ ਲਏ ਜਾਂਦੇ ਹਨ ਅਤੇ ਫੇਰ ਹੀ ਵਾਸਤਵ ਵਿਚ ਕੋਈ ਗੱਲ ਪੂਰੀ ਹੁੰਦੀ ਹੈ।

ਵਿਮੀ ਜੱਗੀ ਨੇ ਆਪਣਾ ਨਾਟਕ ਸਫਰ ਜਾਰੀ ਰੱਖਦੇ ਹੋਏ ਹੁਣ 30 ਅਗਸਤ 2000 ਨੂੰ ਇਕ ਹੋਰ ਪ੍ਰੋਗਰਾਮ ਵਿਚ ਸਿਰਫ ਸਆਦਤ ਹਸਨ ਮੰਟੋ ਦੀਆਂ ਹੀ ਤਿੰਨ ਕਹਾਣੀਆਂ 'ਲਾਇਸੈਂਸ', 'ਹੱਤਕ' ਅਤੇ 'ਕਾਲੀ ਸਲਵਾਰ' ਪੇਸ਼ ਕੀਤੀਆਂ। ਹੱਤਕ ਦੀ ਪਹਿਲੀ ਪੇਸ਼ਕਾਰੀ ਦੀ ਸਫਲਤਾ ਨੇ ਹੀ ਇਸ ਨੂੰ ਦੁਬਾਰਾ ਪੇਸ਼ ਕਰਨ ਲਈ ਵਿਮੀ ਨੂੰ ਉਤਸ਼ਾਹਤ ਕੀਤਾ। ਇਹ ਦੂਸਰੀ ਪੇਸ਼ਕਾਰੀ ਵਾਕਈ ਪਹਿਲੀ ਪੇਸ਼ਕਾਰੀ ਨਾਲੋਂ ਵੱਧ ਤੀਖਣ ਅਤੇ ਪ੍ਰਭਾਵਸ਼ਾਲੀ ਸੀ। ਇਸ ਵਿਚ ਜੈਨਇੰਦਰ ਸਿੰਘ ਨੇ (ਇਕ ਦੋਸਤ, ਇਕ ਦਲਾਲ, ਇਕ ਪ੍ਰੇਮੀ) ਦੀਆਂ ਭੂਮਿਕਾਵਾਂ ਬਾਖੂਬੀ ਨਿਭਾਈਆਂ। ਉਹਦੇ ਕੋਲ ਆਵਾਜ਼ ਦਾ ਜਾਦੂ ਹੈ, ਵੰਨਸੁਵੰਨਤਾ ਹੈ, ਇਕ ਰੇਂਜ ਹੈ। ਚੰਡੀਗੜ੍ਹ ਦੇ ਦਰਸ਼ਕਾਂ ਲਈ ਉਹ ਪਾਤਰ ਵੀ ਪੂਰੀ ਸ਼ਿੱਦਤ ਨਾਲ ਖਿੱਚ ਦਾ ਕੇਂਦਰ ਬਣਿਆ। 'ਹੱਤਕ' ਵਰਗੀ ਸ਼ਾਹਕਾਰ ਕਹਾਣੀ ਦਾ ਇਹ ਨਾਟਕੀ ਰੂਪ ਵਾਰ ਵਾਰ ਵੇਖਿਆ ਜਾ ਸਕਦਾ ਹੈ। ਹਰ ਵਾਰ ਸੋਗੰਧੀ ਪਾਤਰ ਦੀਆਂ ਵੱਖ ਵੱਖ ਪਰਤਾਂ ਵਿਚ ਵਿਚਰਨਾ ਆਪਣੇ ਆਪ ਵਿਚ ਇਕ ਨਵਾਂ ਮਨੁੱਖੀ ਤਜਰਬਾ ਹੈ। 'ਲਾਇਸੈਂਸ' ਇਕ ਟਾਂਗੇ ਵਾਲੇ ਅਤੇ ਉਸ ਦੀ ਮਹਿਬੂਬਾ (ਬਾਅਦ ਵਿਚ ਉਹਦੀ ਪਤਨੀ) ਦੀ ਕਹਾਣੀ ਹੈ। ਅਬਦੁੱਲਾ ਨੂੰ ਜੇਲ੍ਹ ਹੋ ਜਾਂਦੀ ਹੈ ਕਿਉਂਕਿ ਉਸ ਨੇ ਇਕ ਐਸੀ ਕੁੜੀ ਨਾਲ ਨਿਕਾਹ ਪੜ੍ਹਿਆ ਹੈ, ਜੋ ਕਾਨੂੰਨ ਦੀਆਂ ਨਜ਼ਰਾਂ ਵਿਚ ਹਾਲੀ ਬਾਲਗ ਨਹੀਂ। ਅਬਦੁੱਲਾ ਦੀ ਜੇਲ੍ਹ ਵਿਚ ਬਿਮਾਰੀ ਕਰਕੇ ਮੌਤ ਹੋ ਗਈ ਹੈ। ਅਬਦੁੱਲਾ ਦੇ ਸਾਥੀ ਪਹਿਲੇ ਤਾਂ ਉਹਦੀ ਵਿਧਵਾ ਪਤਨੀ ਦੀ ਮਦਦ ਕਰਨ ਦੇ ਰੌਂਅ ਵਿਚ ਹਨ, ਫੇਰ ਹੌਲੇ ਹੌਲੇ ਉਹਦੇ ਉਤੇ ਕਬਜ਼ੇ ਲਈ ਡੋਰੇ ਪਾਂਦੇ ਹਨ। ਦਸਤੂਰ ਹੀ ਇਹੀ ਹੈ। ਪਰ ਉਹ ਕੁੜੀ ਸਾਬਤ ਕਦਮ ਰਹਿੰਦੀ ਹੈ। ਉਹ ਇਰਾਦਾ ਬਣਾ ਕੇ ਆਪ ਟਾਂਗਾ ਚਲਾਉਣ ਲਗ ਪੈਂਦੀ ਹੈ। ਸ਼ਹਿਰ ਵਿਚ ਉਹ ਚਰਚਾ ਦਾ ਕੇਂਦਰ ਬਣਦੀ ਹੈ। ਟਾਂਗਾ ਚਲਾਉਣ ਵਾਲੀ ਕੁੜੀ। ਅਧਿਕਾਰੀਆਂ ਦੀ ਨਜ਼ਰ ਵਿਚ ਉਹ ਆ ਜਾਂਦੀ ਹੈ। ਉਹ ਬਗੈਰ ਲਾਇਸੈਂਸ ਦੇ ਟਾਂਗਾ ਨਹੀਂ ਚਲਾ ਸਕਦੀ। ਲਾਇਸੈਂਸ ਇਸ 'ਮੁਆਸ਼ਰੇ' (ਸਮਾਜਕ ਢਾਂਚੇ ਲਈ ਵਰਤਿਆ ਇਹ ਉਰਦੂ ਦਾ ਸ਼ਬਦ ਹੈ) ਵਿਚ ਔਰਤ ਨੂੰ ਇਕੋ ਪੇਸ਼ੇ ਦਾ ਮਿਲ ਸਕਦਾ ਹੈ ਕਿ ਉਹ ਕੋਠੇ ਦੀਆਂ ਔਰਤਾਂ ਵਾਲਾ ਪੇਸ਼ਾ ਅਪਨਾ ਲਏ। ਨਾਟਕ ਵੀ ਅਤੇ ਕਹਾਣੀ ਵੀ ਇਸ ਸਿਖਰ 'ਤੇ ਖਤਮ ਹੁੰਦੇ ਹਨ। 1940-50 ਦੇ ਦੌਰ ਵਿਚ ਲਿਖੀ ਮੰਟੋ ਦੀ ਇਹ ਕਹਾਣੀ ਔਰਤ ਦੇ ਇਸ ਸਮਾਜ ਵਿਚ ਅਪਮਾਨ ਵਾਲੇ ਦਰਜੇ ਉਤੇ ਬੜੀ ਹੀ ਤੀਖਣ ਟਿੱਪਣੀ ਹੈ। ਇਸੇ ਦੌਰ ਵਿਚ ਰਾਜਿੰਦਰ ਸਿੰਘ ਬੇਦੀ ਦੀ ਲਿਖੀ ਕਹਾਣੀ 'ਘਰ ਵਿਚ ਬਾਜ਼ਾਰ ਵਿਚ' ਵੀ ਬੜੀ ਚਰਚਾ ਦਾ ਕੇਂਦਰ ਬਣੀ ਸੀ। ਸਾਹਿਰ ਲੁਧਿਆਣਵੀ ਦੀ ਨਜ਼ਰ 'ਯੇਹ ਗਲੀਆਂ, ਯੇਹ ਕੂਚੇ, ਯੇਹ...' ਇਸ ਦੇਸ਼ ਦੀ ਪਖੰਡੀ ਸਭਿਅਤਾ ਉਤੇ ਭਾਵੇਂ ਜੋਰਦਾਰ ਕਟਾਖਸ਼ ਸਨ ਪਰ ਮੰਟੋ ਦੀ ਇਸ ਕਹਾਣੀ ਨੂੰ ਨਾਟਕੀ ਰੂਪ ਵਿਚ ਜਿਸ ਤਰ੍ਹਾਂ ਪੇਸ਼ ਕੀਤਾ ਗਿਆ, ਉਹ ਵੀ ਆਪਣੇ ਆਪ ਵਿਚ ਵੀ ਨਾਟਕ ਕਲਾ ਦਾ ਸਿਖਰ ਸੀ। ਵਿਮੀ ਦੇ ਗਰੁੱਪ ਦੀ ਕਲਾਕਾਰ ਕੁੜੀ ਰਾਜ ਨੇ ਟਾਂਗੇ ਵਾਲੀ ਦੀ ਮਹਿਬੂਬਾ, ਟਾਂਗੇ ਵਾਲੇ ਦੀ ਬੇਵਾ ਅਤੇ ਫੇਰ ਆਪ ਟਾਂਗੇ ਵਾਲੀ ਦੀਆਂ ਭੂਮਿਕਾਵਾਂ ਨੂੰ ਜਿਸ ਸਹਿਜਤਾ ਅਤੇ ਸੁਭਾਵਕਤਾ ਨਾਲ ਪੇਸ਼ ਕੀਤਾ, ਉਹ ਇਸ ਗੱਲ ਦਾ ਪ੍ਰਮਾਣ ਹੈ ਕਿ ਚੰਡੀਗੜ੍ਹ ਸਟੇਜ ਨੂੰ ਇਕ ਹੋਰ ਸੰਵੇਦਨਸ਼ੀਲ ਅਦਾਕਾਰਾ ਮਿਲ ਗਈ ਹੈ। 'ਲਾਇਸੈਂਸ' ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਆਪਣੇ ਆਪ ਵਿਚ ਇਕ ਅਮਰ ਰਚਨਾ ਹੈ। ਮੰਟੋ ਦੀਆਂ ਤਿੰਨ ਕਹਾਣੀਆਂ ਦੇ ਇਸ ਪ੍ਰੋਗਰਾਮ ਵਿਚ ਕਾਲੀ ਸਲਵਾਰ ਵੀ ਆਪਣੇ ਆਪ ਵਿਚ ਕਹਾਣੀ ਕਲਾ ਦੇ ਕਮਾਲ ਦੀ ਮਿਸਾਲ ਹੈ। ਇਸ ਕਹਾਣੀ ਵਿਚ ਬੜਾ ਨਾਟਕੀ ਤੱਤ ਹੈ ਅਤੇ ਇਸ ਨੂੰ ਵਿਮੀ ਨੇ ਆਪਣੀ ਨਿਰਦੇਸ਼ਤਾ ਥੱਲੇ ਪੇਸ਼ ਵੀ ਬਹੁਤ ਵਧੀਆ ਤਰੀਕੇ ਨਾਲ ਕੀਤਾ ਹੈ। ਹਰ ਔਰਤ ਦੀਆਂ ਆਪਣੀਆਂ ਚਾਹਾਂ ਹੁੰਦੀਆਂ ਹਨ, ਆਪਣੀਆਂ ਖਾਹਸ਼ਾਂ ਹੁੰਦੀਆਂ ਹਨ, ਅਰਮਾਨ ਹੁੰਦੇ ਹਨ, ਲਾਲਸਾਵਾਂ ਹੁੰਦੀਆਂ ਹਨ। ਇਨ੍ਹਾਂ ਦੀ ਸ਼ਿੱਦਤ ਦਾ ਅਹਿਸਾਸ ਵੇਸਵਾਵਾਂ ਵਿਚ ਹੁੰਦਾ ਹੈ ਕਿਉਂਕਿ ਉਨ੍ਹਾਂ ਦਾ ਪੇਸ਼ਾ ਹੀ ਇਕ ਮਜਬੂਰੀ ਦਾ ਪੇਸ਼ਾ ਹੈ। ਬੇਵਸੀ ਦਾ ਪੇਸ਼ਾ ਹੈ। ਮੰਟੋ ਨੇ ਆਪਣੀਆਂ ਬਹੁਤੀਆਂ ਕਹਾਣੀਆਂ ਵਿਚ ਇਸ ਬੇਵਸ ਔਰਤ ਨੂੰ ਹੀ ਵਿਸ਼ਾ ਬਣਾਇਆ ਹੈ ਕਿਉਂਕਿ ਉਹ ਇਸ ਸ਼ਿੱਦਤ ਨੂੰ ਪੇਸ਼ ਕਰਨਾ ਚਾਹੁੰਦੀ ਸੀ। ਇਸੇ ਚੋਣ ਨੇ ਹੀ ਉਸ ਨੂੰ ਵਿਸ਼ਵ ਦੇ ਸ੍ਰੇਸ਼ਟ 'ਅਫਸਾਨਾ ਨਿਗਾਰ' ਦਾ ਦਰਜਾ ਦਿੱਤਾ ਹੈ। ਅੰਬਾਲਾ ਛਾਉਣੀ ਤੋਂ ਆ ਕੇ ਦਿੱਲੀ ਦੇ ਬਾਜ਼ਾਰ ਵਿਚ ਪੇਸ਼ਾ ਕਰਨ ਵਾਲੀ ਸੁਲਤਾਨਾ ਦੀ ਇਕੋ ਚਾਹ ਹੈ ਕਿ ਉਹਨੂੰ ਆਪਣੇ ਜੰਪਰ ਨਾਲ ਢੁਕਦੀ ਰੇਸ਼ਮੀ ਕਾਲੀ ਸਲਵਾਰ ਵੀ ਮਿਲੇ। ਇਸੇ ਤਰ੍ਹਾਂ ਉਹਦੀ ਹਮੇਸ਼ਾ ਸਹੇਲੀ ਦੀ ਇਕ ਖਾਹਸ਼ ਹੈ ਕਿ ਉਹਦੇ ਕੋਲ ਸੁਲਤਾਨਾ ਵਰਗੀਆਂ ਕੰਨਾਂ ਵਿਚ ਪਾਉਣ ਲਈ ਵਾਲੀਆਂ ਹੋਣ। ਉਨ੍ਹਾਂ ਦੋਨਾਂ ਦੇ ਦਰਮਿਆਨ ਵਿਚਰਦਾ ਹੋਇਆ ਏਜੰਟ (ਕੋਠੇ ਵਾਲੀ ਭਾਸ਼ਾ ਵਿਚ ਦੱਲਾ ਜਾਂ ਦਲਾਲ) ਉਨ੍ਹਾਂ ਦੋਵਾਂ ਦੀ ਖਾਹਸ਼ ਪੂਰੀ ਕਰਦਾ ਹੈ। ਸੁਲਤਾਨਾ ਦੀਆਂ ਵਾਲੀਆਂ ਉਹ ਉਹਦੀ ਸਹੇਲੀ ਕੋਲ ਪਹੁੰਚਾਉਂਦਾ ਹੈ ਅਤੇ ਸਹੇਲੀ ਦੀ ਕਾਲੀ ਸਲਵਾਰ ਸੁਲਤਾਨਾ ਕੋਲ ਲੈ ਆਂਦਾ ਹੈ। ਮੁਹੱਰਮ ਦੇ ਮੁਬਾਰਕ ਦਿਨ ਦੋਨੋਂ ਆਪਣੇ ਤੋਹਫੇ ਇਕ ਦੂਜੇ ਨੂੰ ਵਿਖਾਉਂਦੀਆਂ ਹਨ। ਕਹਾਣੀ ਅਤੇ ਨਾਟਕ ਵੀ ਇਸੇ ਸਿਖਰ 'ਤੇ ਮੁੱਕਦੇ ਹਨ। ਸਾਹਿਤ ਅਤੇ ਨਾਟਕ ਦਾ ਇਹ ਸੁਮੇਲ ਇਕ ਮੁਬਾਰਕ ਗੱਲ ਹੈ। ਵਿਮੀ ਨੇ ਕਹਾਣੀਆਂ ਦੀ ਚੋਣ ਆਪਣੀ ਸੋਚ ਅਤੇ ਨਾਟ ਸ਼ੈਲੀ ਦੇ ਅਨੁਸਾਰ ਬੜੀ ਹੀ ਸਹੀ ਕੀਤੀ ਹੈ। ਇਕ ਇੰਟਰਵਿਊ ਵਿਚ ਉਹਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਉਹ ਕ੍ਰਿਸ਼ਨਾ ਸੋਬਤੀ, ਤਸਲੀਮਾ ਨਸਰੀਨ, ਅਰੁੰਧਤੀ ਰਾਏ ਦੀਆਂ ਲਿਖਤਾਂ ਨੂੰ ਵੀ ਨਾਟਕੀ ਰੂਪ ਦੇਣ ਦਾ ਇਰਾਦਾ ਰੱਖਦੀ ਹੈ। ਵਿਜੈ ਤੇਂਦੁਲਕਰ ਦੇ ਨਾਟਕ 'ਮੀਤ ਦੀ ਕਹਾਣੀ' ਨੂੰ ਵੀ ਚੰਡੀਗੜ੍ਹ ਵਿਚ ਸਟੇਜ ਕਰਨ ਦਾ ਉਪਰਾਲਾ ਕਰੇਗੀ। ਸੱਜਰੀਆਂ ਪੈੜਾਂ ਦਾ ਇਹ ਗਰੁੱਪ ਆਪਣੇ ਨਿਸ਼ਾਨੇ ਵਿਚ ਕਾਮਯਾਬ ਹੋਵੇ, ਸਾਡੀਆਂ ਸ਼ੁਭ ਇੱਛਾਵਾਂ ਇਸ ਦੇ ਨਾਲ ਹਨ।